# ਸਿਆਣਾ ਹਾਥੀ

ਇੱਕ ਜੰਗਲ ਵਿੱਚ ਇੱਕ ਹਾਥੀ ਰਹਿੰਦਾ ਸੀ। ਬਹੁਤ ਹੀ ਸਿਆਣਾ ਅਤੇ ਬੁੱਧੀਮਾਨ ਹੋਣ ਕਰਕੇ ਸਾਰਾ ਜੰਗਲ ਹਾਥੀ ਦੀ ਇੱਜ਼ਤ ਕਰਦਾ ਸੀ। ਜੰਗਲ ਵਿੱਚ ਕੋਈ ਮੁਸੀਬਤ ਆ ਜਾਵੇ ਜਾਂ ਫੇਰ ਕਿਸੇ ਜਾਨਵਰ ਨੂੰ ਕੋਈ ਪ੍ਰੇਸ਼ਾਨੀ ਆਉਂਦੀ, ਉਹ ਸਿਆਣੇ ਹਾਥੀ ਦੀ ਸਲਾਹ ਲੈਂਦੇ। ਇੱਥੋਂ ਤੱਕ ਕਿ ਜੰਗਲ ਦਾ ਰਾਜਾ ਸ਼ੇਰ ਵੀ ਉਸ ਹਾਥੀ ਦੀ ਇੱਜ਼ਤ ਕਰਦਾ।



ਇੱਕ ਦਿਨ ਸ਼ਾਮ ਦੇ ਵੇਲੇ ਜੰਗਲ ਵਿਚ ਕੁਝ ਮੁਸਾਫ਼ਿਰ ਭਟਕ ਗਏ। ਰਸਤੇ ਦੀ ਭਾਲ ਕਰਦੇ-ਕਰਦੇ ਥੱਕ ਗਏ, ਆਖਿਰ ਉਹਨਾਂ ਨੇ ਆਸ ਛੱਡ ਦਿੱਤੀ ਅਤੇ ਇਹ ਸੋਚਣ ਲੱਗ ਪਏ ਕਿ ਸ਼ਾਇਦ ਜੰਗਲ ਦੇ ਜਾਨਵਰ ਸਾਨੂੰ ਖਾ ਜਾਣਗੇ। ਪਰ ਜਦੋਂ ਹਾਥੀ ਨੂੰ ਖ਼ਬਰ ਹੋਈ ਕਿ ਕੁਝ ਮੁਸਾਫ਼ਿਰ ਜੰਗਲ ਵਿੱਚ ਭਟਕ ਗਏ ਹਨ, ਹਾਥੀ ਨੂੰ ਉਹਨਾਂ ਉੱਤੇ ਤਰਸ ਆ ਗਿਆ। ਉਸਨੇ ਮੁਸਾਫ਼ਿਰਾਂ ਨੂੰ ਆਪਣੇ ਪਿੱਛੇ-ਪਿੱਛੇ ਆਉਣ ਦਾ ਇਸ਼ਾਰਾ ਕੀਤਾ। ਕੁਝ ਸਮੇਂ ਦੀ ਵਾਟ ਮਗਰੋਂ ਉਹਨਾਂ ਨੂੰ ਸ਼ਹਿਰ ਵੱਲ ਜਾਣ ਦਾ ਰਸਤਾ ਮਿਲ ਗਿਆ। ਉਹਨਾਂ ਨੇ ਸਿਆਣੇ ਹਾਥੀ ਦਾ ਧੰਨਵਾਦ ਕੀਤਾ ਅਤੇ ਉਹ ਸਾਰੇ ਰਸਤੇ ਹਾਥੀ ਦੀਆਂ ਸਿਫਤਾਂ ਕਰਦੇ ਸ਼ਹਿਰ ਵੱਲ ਤੁਰ ਪਏ।

ਮੁਸਾਫ਼ਿਰਾਂ ਨੇ ਇਹ ਗੱਲ ਸ਼ਹਿਰ ਦੇ ਰਾਜੇ ਨੂੰ ਦੱਸਣ ਦਾ ਮਨ ਬਣਾਇਆ। ਅਗਲੇ ਦਿਨ ਮੁਸਾਫ਼ਿਰ ਰਾਜੇ ਦੇ ਦਰਬਾਰ ਵਿੱਚ ਗਏ ਅਤੇ ਆਪਣੇ ਸਾਰੀ ਹੱਡਬੀਤੀ ਸੁਣਾਈ। ਰਾਜਾ ਇਹ ਗੱਲ ਸੁਣ ਕੇ ਬਹੁਤ ਹੈਰਾਨ ਹੋਇਆ। ਉਸਨੇ ਫੈਸਲਾ ਕੀਤਾ ਕਿ ਉਹ ਖੁਦ ਹਾਥੀ ਦਾ ਸ਼ਿਕਾਰ ਕਰਨ ਜੰਗਲ ਵਿੱਚ ਜਾਵੇਗਾ।

ਅਗਲੀ ਸਵੇਰ ਰਾਜਾ ਆਪਣੇ ਪੰਜ ਸਿਪਾਹੀਆਂ ਨਾਲ ਜੰਗਲ ਵੱਲ ਰਵਾਨਾ ਹੋ ਗਿਆ। ਜੰਗਲ ਵਿੱਚ ਪਹੁੰਚ ਕੇ ਰਾਜਾ ਅਤੇ ਉਸਦੇ ਸਿਪਾਹੀ ਵੱਖ-ਵੱਖ ਦਿਸ਼ਾਵਾਂ ਵਿੱਚ ਹਾਥੀ ਦੀ ਭਾਲ ਕਰਨ ਲੱਗੇ। ਕੁਝ ਘੰਟੇ ਦੀ ਭਾਲ ਤੋਂ ਬਾਅਦ ਰਾਜੇ ਨੂੰ ਉਹ ਹਾਥੀ ਨਜ਼ਰ ਆ ਗਿਆ। ਉਸ ਨੇ ਬਿਨਾਂ ਕੁਝ ਸੋਚੇ ਸਮਝੇ ਕਮਾਣ ਵਿੱਚੋਂ ਤੀਰ ਹਾਥੀ ਵੱਲ ਨੂੰ ਛੱਡ ਦਿੱਤਾ। ਪਰ ਤੀਰ ਹਾਥੀ ਦੇ ਸਿਰ ਉੱਪਰੋਂ ਦੀ ਲੰਘ ਗਿਆ। ਹਾਥੀ ਆਪਣੇ ਜਾਨ ਬਚਾਉਂਦਾ ਹੋਇਆ ਜੰਗਲ ਵੱਲ ਨੂੰ ਭੱਜ ਪਿਆ।

© Vismaad

ਰਾਜੇ ਨੇ ਵੀ ਉਸਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਰਾਜਾ ਹਾਥੀ ਦਾ ਪਿੱਛਾ ਕਰਦੇ-ਕਰਦੇ ਜੰਗਲ ਦੀ ਦਲਦਲ ਵਿੱਚ ਫਸ ਗਿਆ। ਉਹ ਜਿੰਨਾਂ ਬਾਹਰ ਆਉਣ ਦੀ ਕੋਸ਼ਿਸ਼ ਕਰਦਾ, ਓਨ੍ਹਾਂ ਹੀ ਦਲਦਲ ਵਿੱਚ ਫਸਦਾ ਜਾਂਦਾ। ਉਸਨੇ ਆਪਣੇ ਸਿਪਾਹੀਆਂ ਨੂੰ ਅਵਾਜ਼ ਲਗਾਈ। ਪਰ ਸਾਰੇ ਸਿਪਾਹੀ ਹਾਥੀ ਦੀ ਭਾਲ ਵਿੱਚ ਅਲੱਗ-ਅੱਲਗ ਥਾਂ ਜੰਗਲ ਛਾਣ ਰਹੇ ਸੀ। ਰਾਜੇ ਨੂੰ ਆਪਣੇ ਜਾਨ ਦੀ ਪੈ ਗਈ। ਉਹ ਮਦਦ ਲਈ ਉੱਚੀ ਉੱਚੀ ਰੌਲਾ ਪਾਉਣ ਲੱਗ ਪਿਆ। ਹਾਥੀ ਨੂੰ ਰਾਜੇ ਦੀ ਅਵਾਜ਼ ਸੁਣਾਈ ਦਿੱਤੀ। ਉਸਨੇ ਵਾਪਿਸ ਆ ਕੇ ਆਪਣੇ ਸੁੰਡ ਦੀ ਮਦਦ ਨਾਲ ਰਾਜੇ ਨੂੰ ਦਲਦਲ ਵਿੱਚੋ ਬਾਹਰ ਕੱਢ ਲਿਆ। ਬਾਹਰ ਆਉਣ ਤੇ ਰਾਜੇ ਦੀ ਜਾਨ ਵਿਚ ਜਾਨ ਆਈ। ਉਸਨੂੰ ਆਪਣੇ ਗਲਤੀ ਦਾ ਅਹਿਸਾਸ ਹੋਇਆ। ਉਸਨੇ ਸਿਆਣੇ ਹਾਥੀ ਤੋਂ ਮੁਆਫ਼ੀ ਮੰਗੀ ਅਤੇ ਜਾਨ ਬਚਾਉਣ ਲਈ ਧੰਨਵਾਦ ਕੀਤਾ। ਹਾਥੀ ਨਾਲ ਇਹ ਵਾਅਦਾ ਵੀ ਕੀਤਾ ਕਿ ਉਹ ਅੱਜ ਤੋਂ ਬਾਅਦ ਕਦੇ ਵੀ ਕਿਸੇ ਜਾਨਵਰ ਦਾ ਸ਼ਿਕਾਰ ਨਹੀਂ ਕਰੇਗਾ।

© Vismaad